Australian Government
Department of Home Affairs

# COVID-19 ਦੀ ਜਾਂਚ ਅਤੇ ਇਸ ਦਾ ਇਲਾਜ

ਭਾਂਵੇਂ ਤੁਹਾਡੇ ਕੋਲ ਵੀਜ਼ਾ ਨਹੀਂ ਵੀ ਹੈ, ਜਾਂ ਤੁਹਾਨੂੰ ਆਪਣੇ ਵੀਜ਼ੇ ਦੀ ਸਥਿੱਤੀ ਬਾਰੇ ਪੱਕਾ ਯਕੀਨ ਨਹੀਂ ਹੈ, ਤੁਹਾਨੂੰ ਜਨਤਕ ਸਿਹਤ ਨਿਰਦੇਸ਼ਾਂ ਦੀ ਪਾਲਣਾ ਲਾਜ਼ਮੀ ਕਰਨੀ ਚਾਹੀਦੀ ਹੈ। ਜੇ ਤੁਸੀਂ ਬਿਮਾਰ ਮਹਿਸੂਸ ਕਰ ਰਹੇ ਹੋ, ਡਾਕਟਰੀ ਇਲਾਜ ਕਰਵਾਓ ਅਤੇ COVID-19 ਵਾਸਤੇ ਜਾਂਚ ਕਰਵਾਓ।

ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰਾਂ COVID-19 ਦੀ ਮੁਫਤ ਜਾਂਚ ਅਤੇ ਇਲਾਜ ਦੀ ਪੇਸ਼ਕਸ਼ ਕਰ ਰਹੀਆਂ ਹਨ।

- ਆਸਟ੍ਰੇਲੀਅਨ ਕੈਪੀਟਲ ਟੈਰੀਟਰੀ
- ਨਿਊ ਸਾਊਥ ਵੇਲਜ਼
- ਨੌਰਦਰਨ ਟੈਰੀਟਰੀ
- ਕੁਈਂਜ਼ਲੈਂਡ
- ਦੱਖਣੀ ਆਸਟ੍ਰੇਲੀਆ
- ਤਸਮਾਨੀਆ
- ਵਿਕਟੋਰੀਆ
- ਪੱਛਮੀ ਆਸਟ੍ਰੇਲੀਆ

# COVID-19 ਟੀਕਾਕਰਨ

ਆਸਟ੍ਰੇਲੀਆ ਵਿੱਚ COVID-19 ਵੈਕਸੀਨ ਹਰ ਕਿਸੇ ਵਾਸਤੇ ਮੁਫ਼ਤ ਉਪਲਬਧ ਹਨ, ਜਿਸ ਵਿੱਚ ਭਾਈਚਾਰੇ ਵਿੱਚ ਰਹਿਣ ਵਾਲੇ ਆਸਟ੍ਰੇਲੀਆ ਦੇ ਸਾਰੇ ਵੀਜ਼ਾ ਧਾਰਕ ਵੀ ਸ਼ਾਮਲ ਹਨ।

ਇਸ ਵਿੱਚ ਇਹ ਸ਼ਾਮਲ ਹੋਣਗੇ:

- ਸਾਰੇ ਸਥਾਈ ਅਤੇ ਅਸਥਾਈ ਵੀਜ਼ਾ ਧਾਰਕ
- ਸ਼ਰਨਾਰਥੀ
- ਸ਼ਰਣ ਮੰਗਣ ਵਾਲੇ
- ਅਸਥਾਈ ਸੁਰੱਖਿਆ ਵੀਜ਼ਾ ਧਾਰਕ, ਅਤੇ
- ਬ੍ਰਿਜਿੰਗ ਵੀਜ਼ਾ ਧਾਰਕ।

ਨਜ਼ਰਬੰਦੀ ਸੁਵਿਧਾਵਾਂ ਵਿੱਚ ਰਹਿਣ ਵਾਲੇ ਲੋਕ ਵੀ ਯੋਗ ਹੋਣਗੇ।

COVID-19 ਵੈਕਸੀਨ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਵਾਸਤੇ, ਸਿਹਤ ਵਿਭਾਗ ਦੀ ਵੈੱਬਸਾਈਟ ਦੇਖੋ।